# BUDHA DAL PUBLIC SCHOOL, PATIALA

## FIRST TERM EXAMINATION (9 September 2024)

**Sub: Punjabi**

**Class-IV (Set - A)**

**Time:3hrs.** **Marks:60**

**ਪ੍ਰ1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (7)

1. ਸ਼ੇਰ ਨੇ ਕੀ ਸੁਝਾਅ ਦਿੱਤਾ? ਪਾਣੀ ਵਿੱਚ ਕੌਣ ਡਿੱਗ ਪਿਆ?
2. ਸਾਰੇ ਜਾਨਵਰਾਂ ਨੇ ਅੱਗ ਉੱਪਰ ਕਿਵੇਂ ਕਾਬੂ ਪਾ ਲਿਆ?
3. ਪਰੀਆਂ ਕਿਸ ਨੂੰ ਵੇਖ ਕੇ ਡਰ ਗਈਆਂ?
4. ਪਰੀ ਨੇ ਬਾਗ਼ ਵਿੱਚ ਕੀ ਦੇਖਿਆ?

**ਪ੍ਰ2. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਦਲੇਰੀ, ਵਰਖਾ, ਕਿਤਾਬ, ਮਿੱਤਰ

**ਪ੍ਰ3 ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ।** (3)

ਜਾਨਵਰ, ਕੀਮਤੀ, ਜੰਗਲ

**ਪ੍ਰ4. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ।** (4)

**(ਮਾਂ, ਮਗਰਮੱਛਾਂ, ਕੌੜੀ, ਗਰਮ)**

1. ................ ਨੇ ਆਪਣੀਆਂ ਪਿੱਠਾਂ ਜੋੜ ਕੇ ਪੁਲ ਬਣਾ ਲਿਆ।
2. ਭੋਜਨ ਨੂੰ ਬਾਰ-ਬਾਰ .............. ਨਹੀਂ ਕਰਨਾ ਚਾਹੀਦਾ।
3. ਦਵਾਈ ............... ਹੁੰਦੀ ਹੈ।
4. ਪਰੀ ਨੂੰ ਕਿਤਾਬ ਉਸਦੀ .................... ਨੇ ਦਿੱਤੀ ਸੀ।

**ਪ੍ਰ5. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ।** (4)

1. ਅੱਗ ਲੱਗਣ ਨਾਲ ਚਾਂਰੇ ਪਾਸੇ ਧੂੰਆਂ ਹੋ ਗਿਆ।
2. ਤਾਜ਼ਾ ਭੋਜਨ ਬਿਮਾਰ ਕਰਦਾ ਹੈ।
3. ਵਕਤ ਸਭ ਤੋਂ ਕੀਮਤੀ ਵਸਤੂ ਹੈ।
4. ਖਾਣਾ ਖਾਣ ਤੋਂ ਪਹਿਲਾਂ ਹੱਥ ਗੰਦੇ ਕਰਨੇ ਚਾਹੀਦੇ ਹਨ।

**ਪ੍ਰ6. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ।** (4)

1. ਸਾਨੂੰ ਕੀ ਬਿਮਾਰ ਕਰਦਾ ਹੈ?

   ੳ) ਕੂੜਾ ਕਰਕਟ ਅ) ਤਾਜ਼ਾ ਖਾਣਾ

2. ਡਾਕਟਰ ਦੀ ਲੋੜ ਕਦੋਂ ਪੈਂਦੀ ਹੈ?

   ੳ) ਗਰਮੀ ਵਿੱਚ ਅ) ਬਿਮਾਰੀ ਵਿੱਚ

3. ਤਰੀਕ ਦਾ ਅਰਥ ਕੀ ਹੈ?

   ੳ) ਮਿਤੀ ਅ) ਮਹੀਨਾ

4. ਮੱਛਰਾਂ ਨਾਲ ਕੀ ਹੁੰਦਾ ਹੈ?

   ੳ) ਮੁਕਾਬਲਾ ਅ) ਤੇਜ਼ ਬੁਖ਼ਾਰ

Scanned with OKEN Scanner

ਪ੍ਰ7. ਹੇਠ ਲਿਖੇ ਮੁਹਾਵਰਿਆਂ ਦਾ ਸਹੀ ਅਰਥਾਂ ਨਾਲ ਮਿਲਾਨ ਕਰੋ: (4)

| | | | |
|---|---|---|---|
| 1. | ਉਸਤਾਦੀ ਕਰਨੀ | ਚੁਗਲੀ ਕਰਨਾ | ☐ |
| 2. | ਹੱਥ ਵਟਾਉਣਾ | ਜਿੱਤ ਲੈਣਾ | ☐ |
| 3. | ਸਰ ਕਰਨਾ | ਚਲਾਕੀ ਕਰਨਾ | ☐ |
| 4. | ਕੰਨ ਭਰਨਾ | ਮਦਦ ਕਰਨਾ | ☐ |

ਪ੍ਰ8. ਹੇਠ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ: (4)

ਤਾਕਤ, ਵਰਖਾ, ਅਕਾਸ਼, ਅਕਲ

ਪ੍ਰ9. ਵਿਆਕਰਨ ਸੰਬੰਧੀ ਪ੍ਰਸ਼ਨ/ਉੱਤਰ: (4)

1. ਬੱਚਾ ਆਪਣੀ ਮਾਂ ਬੋਲੀ ਕਿਸ ਤੋਂ ਸਿੱਖਦਾ ਹੈ?
2. ਪੰਜਾਬੀ ਵਰਨਮਾਲਾ ਵਿੱਚ ਕੁੱਲ ਕਿੰਨੇ ਅੱਖਰ ਹਨ?
3. ਪੰਜਾਬੀ ਵਰਨਮਾਲਾ ਵਿੱਚ ਕਿੰਨੇ ਦੁੱਤ ਅੱਖਰ ਹਨ?
4. ਪੰਜਾਬ ਦੀ ਰਾਜ ਭਾਸ਼ਾ ਕਿਹੜੀ ਹੈ?

ਪ੍ਰ10. ਸਹੀ ਸ਼ਬਦ ਚੁਣ ਕੇ ਲਿਖੋ: (4)

1. ਇੱਕ ਚੁੱਪ ............ ਸੁੱਖ। (ਸੌ/ ਹਜ਼ਾਰ)
2. ................ ਬੁਰੀ ਬਲਾ ਹੈ। (ਲਾਲਚ/ ਇਮਾਨਦਾਰੀ)
3. ................ ਮਹੀਨੇ ਵਿੱਚ ਸਭ ਤੋਂ ਘੱਟ ਦਿਨ ਹੁੰਦੇ ਹਨ। (ਮਾਰਚ/ ਫ਼ਰਵਰੀ)
4. ਈਦ ਦੇ ਤਿਉਹਾਰ ਤੇ ................ ਬਣਾਈਆਂ ਜਾਂਦੀਆਂ ਹਨ। (ਦਾਲ/ਸੇਵੀਆਂ)

ਪ੍ਰ11. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (4)

1. ਜੋ ਨਾਵਲ ਲਿਖਦਾ ਹੈ -
2. ਜੋ ਪਿੰਡ ਦਾ ਵਸਨੀਕ ਹੋਵੇ -
3. ਸੱਪ ਦਾ ਬੱਚਾ -
4. ਜਿਸ ਥਾਂ ਘੋੜੇ ਬੰਨ੍ਹੇ ਜਾਣ -

ਪ੍ਰ12. ਬਿਨੈ-ਪੱਤਰ: (5)

ੳ) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਬਿਮਾਰੀ ਕਾਰਨ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

**ਜਾਂ**

ਅ) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਕਾਰਨ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

ਪ੍ਰ13. ਲੇਖ ਲਿਖੋ: (5)

ਮੇਰਾ ਸਕੂਲ **ਜਾਂ** ਮੇਰਾ ਮਿੱਤਰ / ਮੇਰੀ ਸਹੇਲੀ

Scanned with OKEN Scanner

**ਪ੍ਰ14. ਕਹਾਣੀ ਰਚਨਾ :** **(4)**

ਕਿਸੇ ਕਿਸਾਨ ਕੋਲ ਇੱਕ ਮੁਰਗੀ ਸੀ ਜੋ ਹਰ ਰੋਜ਼ ਸੋਨੇ ਦਾ ਆਂਡਾ ਦਿੰਦੀ ਸੀ। ਕਿਸਾਨ ਹੌਲੀ-ਹੌਲੀ ਅਮੀਰ ਹੁੰਦਾ ਗਿਆ। ਇੱਕ ਦਿਨ ਉਸ ਦੇ ਦਿਲ ਵਿੱਚ ਲਾਲਚ ਆ ਗਿਆ। ਉਸ ਨੇ ਸੋਚਿਆ ਕਿਉਂ ਨਾ ਮੁਰਗੀ ਦੇ ਢਿੱਡ ਵਿੱਚ ਪਏ ਹੋਏ ਸਾਰੇ ਸੋਨੇ ਦੇ ਆਂਡੇ ਇੱਕੋ ਵਾਰੀ ਲੈ ਲਏ ਜਾਣ। ਇਸ ਤਰ੍ਹਾਂ ਉਹ ਮਿੰਟਾਂ ਵਿੱਚ ਹੀ ਅਮੀਰ ਬਣ ਜਾਵੇਗਾ। ਉਸ ਨੇ ਲਾਲਚ ਵਿੱਚ ਆ ਕੇ ਇੱਕ ਛੁਰਾ ਲਿਆ ਅਤੇ ਮੁਰਗੀ ਦਾ ਢਿੱਡ ਪਾੜ ਸੁੱਟਿਆ। ਮੁਰਗੀ ਉਸੇ ਵੇਲੇ ਹੀ ਮਰ ਗਈ ਪਰ ਉਸ ਦੇ ਢਿੱਡ ਵਿੱਚੋਂ ਕੁਝ ਵੀ ਨਾ ਨਿਕਲਿਆ। ਇਹ ਵੇਖ ਕੇ ਕਿਸਾਨ ਬਹੁਤ ਪਛਤਾਇਆ ਪਰ ਹੁਣ ਕੁਝ ਨਹੀਂ ਸੀ ਹੋ ਸਕਦਾ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।**

1. ਕਿਸਾਨ ਕੋਲ ਕੀ ਸੀ?
2. ਕਿਸਾਨ ਦੇ ਦਿਲ ਵਿੱਚ ਕੀ ਆ ਗਿਆ?

**ਖਾਲੀ ਥਾਵਾਂ ਭਰੋ:**

1. ਮੁਰਗੀ ਹਰ ਰੋਜ਼ ਸੋਨੇ ਦਾ ............. ਦਿਆ ਕਰਦੀ ਸੀ।
2. ਕਿਸਾਨ ਨੇ ਇੱਕ ................ ਲਿਆ।

**ਸਹੀ/ਗਲਤ:**

1. ਕਿਸਾਨ ਨੇ ਮੁਰਗੀ ਦਾ ਢਿੱਡ ਪਾੜ ਦਿੱਤਾ। ☐
2. ਮੁਰਗੀ ਚਾਂਦੀ ਦਾ ਆਂਡਾ ਦਿੰਦੀ ਸੀ। ☐

Scanned with OKEN Scanner